# ਭਾਗ-2

ਜਨਮ ਤੋਂ ਬਾਅਦ ਛੋਟੇ ਬੱਚੇ (baby) ਨੂੰ ਆਪਣੇ ਆਪ ਦੀ ਸੋਝੀ ਨਹੀਂ ਹੁੰਦੀ, ਸਗੋਂ ਉਸਦੀ ਆਪਣੀ ਮਾਂ ਉਤੇ **ਭੋਲੇ-ਭਾਇ, ਅਨਿੰਨ, ਸਹਿਜ-ਸੁਭਾਇ, ਕੁਦਰਤੀ ਸ਼ਰਧਾ-ਭਾਵਨੀ ਹੁੰਦੀ ਹੈ।** ਇਸ ਲਈ **ਦੁਵੱਲੀ ਖਿੱਚ** ਅਨੁਸਾਰ ਮਾਂ ਆਪਣਾ ਆਪਾ ਵਾਰ ਕੇ ਨਵ-ਜਨਮੇ ਬੱਚੇ ਦੀ ਸੰਭਾਲ, ਪਾਲਣ-ਪੋਸਣ ਤੇ ਜੀਵਨ ਦੀਆਂ ਸਾਰੀਆਂ ਲੋੜਾਂ ਦਾ ਫਿਕਰ ਤੇ ਇੰਤਜ਼ਾਮ ਕਰਦੀ ਹੈ। ਬੱਚੇ ਨੂੰ ਆਪਣੇ ਲਈ ਕੋਈ ਸੋਚ, ਫਿਕਰ, ਸਿਆਣਪ ਜਾਂ ਉਦਮ ਕਰਨ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਸਦੇ ਅੰਤ੍ਰ-ਆਤਮੇ ਸਹਿਜ-ਸੁਭਾਇ ਕੁਦਰਤੀ **ਦ੍ਰਿੜ੍ਹ ਵਿਸ਼ਵਾਸ** ਹੁੰਦਾ ਹੈ ਕਿ ਉਸਨੂੰ ਸੰਭਾਲਣ ਵਾਲੀ ਕੋਈ **ਸ਼ੁਭ-ਚਿੰਤਕ 'ਹਸਤੀ'** ਹੈ, ਜੋ ਪਿਆਰ-ਭਾਵਨਾ ਨਾਲ ਉਸਦੀ ਪ੍ਰਵਰਿਸ਼ ਕਰਦੀ ਹੈ। ਉਸਦੇ **ਭੋਲੇ-ਭਾਇ ਨਿਸਚੇ ਅਨੁਸਾਰ** ਮਾਂ ਹੀ ਉਸਦਾ ਰੱਬ, ਗੁਰੂ ਤੇ ਦਾਤੀ ਹੈ, ਇਥੋਂ ਤੱਕ ਕਿ ਮਾਂ ਹੀ ਉਸਦਾ **ਸਭ–ਕੁਝ ਹੈ।** ਇਸ ਲਈ ਬੱਚਾ ਬੇਫਿਕਰ ਹੋ ਕੇ, ਨਿਸਚਿੰਤ ਹੋ ਕੇ ਆਪਣੀ ਮਾਂ ਦੀ ਛਤ੍ਰਛਾਇਆ ਹੇਠ ਖੇਲ੍ਹਦਾ, ਮੌਲ੍ਹਦਾ, ਚਾਉ ਵਿਚ, ਖੁਸ਼ੀ ਵਿਚ, ਖੇੜੇ ਵਿਚ **ਕੁਦਰਤੀ ਸਹਿਜ-ਜੀਵਨ ਬਤੀਤ ਕਰਦਾ ਹੈ।**

ਉਧਰ ਘਰ ਦੇ ਕੰਮਾਂ-ਕਾਰਾਂ ਵਿਚ ਰੁੱਝੀ ਹੋਈ ਮਾਂ ਆਪਣੇ ਬੱਚੇ ਵਿਚ **'ਲਿਵ' ਲਾਈ ਰਖਦੀ ਹੈ।** ਮਾਂ ਦੀ ਇਸ ਸੇਵਾ-ਭਾਵਨਾ ਵਿਚ ਨਾ ਕੋਈ ਸੁਆਰਥ ਦੀ ਭਾਵਨਾ ਹੈ, ਨਾ ਮੁਕਤੀ ਦੀ ਇੱਛਾ ! **ਸਗੋਂ ਮਾਂ ਤਾਂ ਬੱਚੇ ਦੀ 'ਪਿਆਰ-ਖਿੱਚ' ਵਿਚ, ਜੋ ਕਰਤੇ ਦੇ ਹੁਕਮ ਅਨੁਸਾਰ ਉਸਦੇ ਅੰਤ੍ਰ-ਆਤਮੇ ਪ੍ਰਵੇਸ਼ ਹੈ, ਆਪਣਾ ਆਪਾ ਵਾਰ ਕੇ ਉਸ ਸਿਰਜਣਹਾਰ ਦੇ 'ਹੁਕਮ' ਦੀ ਕਾਰ ਕਮਾਉਂਦੀ ਹੈ !**

**'ਮਾਂ-ਬੱਚੇ'** ਦੇ **'ਪਿਆਰ'** ਦਾ ਇਹ ਇਕ ਅਲੌਕਿਕ ਇਲਾਹੀ **ਕ੍ਰਿਸ਼ਮਾ** ਹੈ, **ਗੁਰਪ੍ਰਸਾਦਿ** ਹੈ !

'ਮਾਂ-ਪਿਆਰ' ਜਾਂ **'ਮੋਹ'** ਦੀ ਛਤ੍ਰਛਾਇਆ ਬੱਚੇ ਤੇ ਉਤਨਾ ਚਿਰ ਕੰਮ ਕਰਦੀ ਹੈ, ਜਿੰਨਾ ਚਿਰ ਬੱਚਾ ਮਾਂ ਦੇ ਖਿਆਲਾਂ, ਰੀਝਾਂ ਤੇ ਪਿਆਰ-ਭਾਵਨਾ ਦੇ **ਪ੍ਰਾਇਣ** ਜਾਂ **ਸੁਰ** ਵਿਚ **(in tune)** ਰਹਿੰਦਾ ਹੈ। ਜਿਉਂ-ਜਿਉਂ ਬੱਚਾ ਸਿਆਣਾ ਤੇ **ਆਪ-ਹੁਦਰਾ** ਹੋ ਕੇ ਮਾਂ-ਬਾਪ ਦੀ ਪਿਆਰ ਭਾਵਨਾ ਤੋਂ **ਬੇਸੁਰਾ** ਹੁੰਦਾ ਜਾਂਦਾ ਹੈ, ਆਪਣੀ ਮਨ-ਮਰਜ਼ੀ ਕਰਦਾ ਹੈ— ਤਿਉਂ-ਤਿਉਂ **ਮਾਂ-ਪਿਆਰ ਦੀ ਸਰਪ੍ਰਸਤੀ** ਵਿਚ **ਵਿਘਨ ਪੈਂਦਾ ਜਾਂਦਾ ਹੈ।** ਨਤੀਜੇ ਦੇ ਤੌਰ ਤੇ ਉਹ 'ਮਾਂ-ਪਿਆਰ' ਦੇ ਨਿੱਘ, ਸੁਖ, ਅਨੰਦ ਤੇ ਸ਼ੁਭ-ਇੱਛਾਵਾਂ ਤੋਂ **ਵਾਂਝਾ** ਹੁੰਦਾ ਜਾਂਦਾ ਹੈ।

**ਇਸਦਾ ਕਾਰਣ ਬੱਚੇ ਦੀ ਆਪਣੀ ਸਿਆਣਪ ਹੀ ਹੈ—**

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥** (ਪੰਨਾ-੬੦੧)

L127.1

iehu mnu jilAw dUjY doie] Part 2 This mind is burnt by duality and double-mindedness.

After birth a baby has no awareness of itself. In fact it has a naïve, unbounded, spontaneous (and) natural faith-filled trust in its mother. For this reason, according to the mutual attraction the mother sacrifices herself in looking after, nurturing, worrying and making all arrangements pertaining to the needs of life. The baby does not need to think, worry, have wisdom or make an effort because within its innate self, spontaneously, and naturally it has a firm conviction that there is a caring ''being' that nurtures it with feelings of love. According to its innocent faith, the mother is its god, guru and provider, to the extent that the mother is its be all. That is why the baby remaining carefree and unstressed, plays, blooms, in joy, in happiness, in delight under shelter of his mother.

On the other side, the mother engaged in household routines keeps her 'attention' fixed on the child. In these feeling of service (towards the child), the mother has neither selfish motives nor the need for salvation! In fact the mother, experiencing the child's pull of love, which is present in her innate self according to the *hukam* or command of the Creator, by sacrificing herself (in the service of the child) is cultivating the 'command' of the Creator.

This is the one wondrous divine miracle of the love of 'mother-child', the Grace of the Guru.

The canopy of 'Mother's love' or 'attachment' works for the child for as long as the child remains in tune with, and is devoted to the mother's way of thinking, desires and love-filled feelings. As the child becomes intelligent and self-willed he continues to alienate himself from the love-filled feelings of the parents, does what he pleases – little by little a disruption occurs in the guardianship of mother's love. As a result he begins to divorce himself from the comfort, bliss and goodwill and warmth of 'mother's love'.

The cause of all this is the child's own intelligence –

*One who walks according to his own will, O Siblings of Destiny, suffers separation from the Lord, and face pain.*

L127.1

ਜਦ ਬੱਚਾ **ਆਪ-ਹੁਦਰਾ** ਹੋ ਕੇ ਮਾਂ-ਪਿਆਰ ਤੋਂ ਬੇਪ੍ਰਵਾਹ ਤੇ ਬੇਸੁਰਾ ਹੋ ਜਾਂਦਾ ਹੈ, ਜਾਂ ਉਸਦਾ ਆਸਰਾ ਛੱਡ ਦਿੰਦਾ ਹੈ, ਤਾਂ ਉਸਦਾ ਆਪਣੇ **ਮਾਂ-ਪਿਆਰ ਰੂਪੀ ਸੋਮੇ ਨਾਲੋਂ** ਸਬੰਧ **ਢਿੱਲਾ** ਪੈ ਜਾਂਦਾ ਹੈ ਤੇ ਉਹ ਭਾਵਨਾ-ਹੀਣ, ਪਿਆਰ-ਹੀਣ, ਰੁੱਖਾ-ਸੁੱਕਾ, ਇਕੱਲਪੁਣੇ ਦਾ ਜੀਵਨ ਬਤੀਤ ਕਰਦਾ ਹੈ। ਫਿਰ ਵੀ ਮਾਂ ਦੇ ਹਿਰਦੇ ਵਿਚੋਂ **ਮਾਂ-ਪਿਆਰ** ਤੇ ਸ਼ੁਭ ਅਸੀਸਾਂ ਖਤਮ ਨਹੀਂ ਹੁੰਦੀਆਂ, ਉਹ ਇਲਾਹੀ ਹੁਕਮ ਅਨੁਸਾਰ ਉਸੇ ਤਰ੍ਹਾਂ ਕਾਇਮ ਰਹਿੰਦੀਆਂ ਹਨ, ਤੇ ਜਦ ਵੀ ਬੱਚਾ ਆਪਣੇ **ਆਪ-ਹੁਦਰੇ-ਪਣ** ਅਥਵਾ ਸਿਆਣਪਾਂ ਤੋਂ ਦੁਖੀ ਹੋ ਕੇ **'ਹਾਇ ਮਾਂ'** ਕੂਕਦਾ ਹੈ, ਤਾਂ ਮਾਂ **ਉਸਨੂੰ ਮੁੜ ਗਲ ਨਾਲ ਲਾਉਂਦੀ ਹੈ,** ਆਪਣਾ ਨਿੱਘਾ ਪਿਆਰ ਤੇ ਸ਼ੁਭ ਅਸੀਸਾਂ ਦਿੰਦੀ ਹੈ, ਉਸਦੇ ਕਾਰਜ ਸਵਾਰਦੀ ਹੈ —

> ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥
> ਤਾ ਭੀ ਚੀਤਿ ਨ ਰਾਖਸਿ ਮਾਇਆ ॥ (ਪੰਨਾ-੪੭੮)

ਠੀਕ ਇਸੇ ਤਰ੍ਹਾਂ, ਜਦ ਅਸੀਂ ਹਉਮੈ ਦੇ ਭਰਮ-ਭੁਲਾਵੇ ਦੇ ਅਧੀਨ ਕਰਤੇ ਤੋਂ ਬੇਮੁਖ ਹੋ ਕੇ, **ਦੂਜੇ-ਭਾਉ** ਵਿਚ ਵਿਚਰਦੇ ਹਾਂ, ਆਪਣੀ ਇਲਾਹੀ ਮਾਤਾ ਤੋਂ ਮੂੰਹ ਮੋੜਦੇ ਹਾਂ ਜਾਂ ਉਸਦਾ **'ਓਲ੍ਹਾ'** ਛੱਡ ਕੇ ਮਾਇਆ ਦੇ ਚਿਲਕਵੇਂ ਪ੍ਰਛਾਵਿਆਂ ਵਿਚ ਗਲਤਾਨ ਹੋ ਜਾਂਦੇ ਹਾਂ, ਤਾਂ ਸਾਰੇ ਦੈਵੀ ਗੁਣਾਂ, ਬਰਕਤਾਂ ਤੇ ਬਖਸ਼ਿਸ਼ਾਂ ਤੋਂ ਵਾਂਝੇ ਹੋ ਜਾਂਦੇ ਹਾਂ। ਅਸਲ ਵਿੱਚ ਜਨਮ ਉਪਰੰਤ ਜੀਵ ਅਗਿਆਨਤਾ ਕਾਰਣ **ਮਾਇਆ ਦੇ ਸੰਪਰਕ** ਵਿਚ ਆ ਜਾਂਦਾ ਹੈ ਤੇ ਉਸਦੀ **'ਲਿਵ'** ਜੋ ਗਰਭ ਵਿਚ ਕਰਤੇ ਨਾਲ ਜੁੜੀ ਸੀ—**ਟੁੱਟ ਕੇ** ਮਾਇਆ ਨਾਲ ਲਗ ਜਾਂਦੀ ਹੈ। ਇਹ ਬਾਹਰਲੀ ਮਾਨਸਿਕ ਮਾਇਆ ਵੀ ਮਾਂ ਦੇ ਪੇਟ ਦੀ ਅਗਨੀ ਵਾਂਗ ਹੀ ਸਾੜਨ ਵਾਲੀ ਹੈ, ਪ੍ਰੰਤੂ ਇਨਸਾਨ ਆਪਣੀ ਸਿਆਣਪ ਅਧੀਨ ਇਸਦੀ ਅਸਲੀਅਤ ਨਹੀਂ ਸਮਝਦਾ ਤੇ ਮਾਇਆ ਦੇ ਭਰਮ-ਭੁਲਾਵੇ ਵੱਲ ਖਿੱਚਿਆ ਜਾਂਦਾ ਹੈ—

> ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
> ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
> ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
> ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
> **ਏਹ ਮਾਇਆ ਜਿਤੁ ਹਰਿ ਵਿਸਰੈ**
> **ਮੋਹੁ ਉਪਜੈ ਭਾਉ ਦੂਜਾ ਲਾਇਆ ॥** (ਪੰਨਾ-੯੨੧)

ਇਹ ਦੁਵੱਲਾ ਮਾਂ-ਬੱਚੇ ਦਾ ਪਿਆਰ ਕਿਤੋਂ—

ਪੜ੍ਹਿਆ-ਪੜ੍ਹਾਇਆ
ਸਿਖਿਆ-ਸਿਖਾਇਆ
ਲਿਆ-ਦਿੱਤਾ
ਖਰੀਦਿਆ

L127.2

When a child become self-willed, he becomes indifferent and discordant to the mother's love, or he stops depending on her, then his link with the fountain of the embodiment of mother's love becomes loosened and he leads a life that lacks feelings, lacks love, is insipid and is individualistic. Even then the goodwill blessings of motherly love that arise from the mother's heart do not disappear- according to the divine hukam or command they remain intact and whenever the child suffers pain in his state of sell-willed-ness or intelligence and cries out 'Oh mother', the mother (immediately) embraces him with warm love and goodwill blessings and arranges his affairs.

1 *If the son, in anger, runs away,*
*even then, his mother does not hold it against him in her mind.* 478

Exactly in the same way, when we turn our back to the Creator under the influence of the doubt-fallacy of egotism, (and) abide in second-love (love of the creation), we are turning our face away from our Divine Mother or (to put it another ways) we are leaving His 'shelter' to get entangled in the scintillating shadow of materialism and so we divorce ourselves from all the divine virtues, bounties and blessings. The fact is that after birth, through ignorance, the child comes under the influence of materialism, and his 'attention' which was linked with the Creator while in the womb – breaks, and attaches itself to materialism. This external mental materialism, like the fire in the mothers stomach is the one that burns, but man, under the influence of his intelligence down not understand its reality and gets pulled towards the doubt-fallacy of materialism –

2 *As is the fire within the womb, so is Maya outside.*
*The fire of Maya is one and the same; the Creator has staged this play.*
*According to His Will, the child is born, and the family is very pleased.*
*Love for the Lord wears off, and the child becomes attached to desires; the script of Maya runs its course.*
*This is Maya, by which the Lord is forgotten;*
*emotional attachment and love of duality well up.* 921

This two way love between the mother and child cannot be –

studied or cause to be studied
learnt or taught
taken or given
bought

L127.2

ਉਪਜਾਇਆ

ਖੋਹਿਆ

ਨਹੀਂ ਜਾ ਸਕਦਾ ।

'ਨਰਸ' ਜਾਂ ਕਿਸੇ ਹੋਰ ਸਬੰਧੀ ਦਾ ਬੱਚੇ ਲਈ ਪਿਆਰ 'ਮਾਂ-ਪਿਆਰ' ਨੂੰ **ਪੁਜ** ਨਹੀਂ ਸਕਦਾ ।

ਇਹ 'ਮਾਂ-ਪਿਆਰ' ਧੁਰੋਂ ਇਲਾਹੀ '**ਹੁਕਮ**' ਅਨੁਸਾਰ ਬੱਚੇ ਦੇ ਪਾਲਣ-ਪੋਸਣ ਲਈ ਅਤੇ ਕੁਦਰਤ ਦੇ ਵਡ-ਖੇਲ-ਤਮਾਸ਼ੇ ਦੇ ਸਿਲਸਿਲੇ ਨੂੰ ਚਲਾਉਣ ਲਈ ਅਕਾਲ-ਪੁਰਖ ਦੀ ਬਖਸ਼ਿਸ਼ ਦੁਆਰਾ **ਮਾਂ ਦੇ ਹਿਰਦੇ ਵਿਚ ਪ੍ਰਵੇਸ਼ ਕੀਤਾ ਹੋਇਆ ਹੈ ।**

ਕਾਇਨਾਤ ਵਿਚ ਇਲਾਹੀ ਪਿਆਰ ਦਾ ਸਭ ਤੋਂ ਉਤਮ ਨਮੂਨਾ ਜਾਂ ਉਦਾਹਰਣ ਮਾਂ ਦੇ ਹਿਰਦੇ ਵਿਚ **ਪ੍ਰਵੇਸ਼ ਹੈ !**

ਪਰ ਇਹ 'ਮਾਂ-ਪਿਆਰ' ਸਿਰਫ ਉਸਦੇ **ਆਪਣੇ ਬੱਚਿਆਂ ਤਾਈਂ ਸੀਮਿਤ ਹੈ,** ਇਸ ਲਈ ਇਸ ਨੂੰ '**ਮੋਹ**' ਕਿਹਾ ਜਾਂਦਾ ਹੈ, ਜੋ—

## 'ਦੂਜੇ-ਭਾਉ' ਦਾ ਲਖਾਇਕ ਹੈ ।

ਇਥੇ ਇਕ ਹੋਰ ਉਦਾਹਰਣ ਦਿੱਤੀ ਜਾ ਸਕਦੀ ਹੈ ।

ਜੇਕਰ ਕੋਈ ਰਾਜ-ਘਰਾਣੇ ਦਾ ਸ਼ਹਿਜਾਦਾ **ਗੁਆਚ** ਜਾਵੇ, ਤਾਂ ਉਹ ਆਪਣਾ ਜੀਵਨ **ਸਧਾਰਨ** ਲੋਕਾਂ ਵਾਂਗ ਬਤੀਤ ਕਰਦਾ ਹੈ ਅਤੇ ਉਸੇ ਤਰ੍ਹਾਂ ਕਰਮ ਕਰਦਾ ਦੁਖ-ਸੁਖ ਭੋਗਦਾ ਹੈ ।

ਜੇਕਰ ਉਸਨੂੰ ਕੋਈ ਦੱਸਣ ਦੀ ਕੋਸ਼ਿਸ਼ ਵੀ ਕਰਦਾ ਹੈ ਕਿ **ਉਹ 'ਸ਼ਾਹੀ' ਘਰਾਣੇ ਦਾ ਸ਼ਹਿਜਾਦਾ ਹੈ**—ਤਾਂ ਵੀ ਉਸਨੂੰ ਯਕੀਨ ਨਹੀਂ ਆਉਂਦਾ ਅਤੇ ਉਹ ਉਸੇ ਤਰ੍ਹਾਂ ਸਧਾਰਨ '**ਦੂਜੇ ਭਾਉ ਵਾਲਾ ਜੀਵਨ** ਬਤੀਤ ਕਰੀ ਜਾਂਦਾ ਹੈ । ਠੀਕ ਇਸੇ ਤਰ੍ਹਾਂ ਗੁਰਬਾਣੀ ਸਾਨੂੰ ਪੁਕਾਰ-ਪੁਕਾਰ ਕੇ ਦੱਸਦੀ ਹੈ ਤੇ ਦ੍ਰਿੜ੍ਹ ਕਰਾਉਂਦੀ ਹੈ ਕਿ—

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰਨਾ-੪੪੧)

ਪਰ ਇਸ ਸੱਚਾਈ ਉਤੇ ਸਾਨੂੰ ਨਿਸਚਾ ਹੀ ਨਹੀਂ ਆਉਂਦਾ ! ਅਸੀਂ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਨੂੰ ਓਪਰੇ ਮਨ ਨਾਲ ਪੜ੍ਹ-ਲਿਖ-ਗਾ ਛੱਡਦੇ ਹਾਂ—

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-੧੨)

L127.3

nourished
snatched away.

The love of a 'nurse' or some other person for a child cannot equal 'mother's love'.

This 'mother's love', by Divine Hukam or Command, through the blessings of the Timeless Being, has been placed in the mother's heart to nurture a child and to operate the sequence of the great-play-spectacle of nature.

The loftiest sample or example of divine love in the creation is present in the heart of the mother.

But this 'mother's love' is limited only to that of her own children, which is why it is referred to as 'attachment' which is the -

## 'Indicator of second-love'

Another example can be given here.

If a prince of a royal household gets lost, then he leads his life according to common people and working like them he experiences pain and pleasure.

If someone tries to tell him that he is the prince of a 'royal-household', even then he is not convinced, and he continues to lead an ordinary life of second-love' in the same way. Exactly in the same way Gurbani over and over again entreats and reinforces that –

1 *O my mind, you are the embodiment of the Divine Light - recognize your own origin.* 441

But we are not convinced by this truth! We just read –write-sing these lines from Gurbani with a superficial mind –

2 *This human body has been given to you.*
*This is your chance to meet the Lord of the Universe.*
*Nothing else will work.*
*Join the Saadh Sangat, the Company of the Holy; vibrate and meditate on the Jewel of the Naam.* 12

ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ (ਪੰਨਾ-੧੭੬)

ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ (ਪੰਨਾ-੧੮੮)

ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥
ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥ (ਪੰਨਾ-੯੯੬)

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥ (ਪੰਨਾ-੭੯)

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥ (ਪੰਨਾ-੫੨)

ਇਸ ਤਰ੍ਹਾਂ ਅਸੀਂ ਗੁਰਬਾਣੀ ਨੂੰ ਪੜ੍ਹਦਿਆਂ, ਸੁਣਦਿਆਂ, ਵਿਚਾਰਦਿਆਂ, ਗਿਆਨ ਘੋਟਦਿਆਂ, ਪਰਚਾਰ ਕਰਦਿਆਂ ਵੀ ਇਸ 'ਅੰਤ੍ਰ-ਮੁਖੀ' ਸੱਚਾਈ ਤੋਂ **ਵਾਂਝੇ ਜਾ ਰਹੇ ਹਾਂ।**

ਮੈਂ-ਮੇਰੀ ਅਥਵਾ ਹਉਮੈ-ਵੇੜ੍ਹੇ **ਦੂਜੇ-ਭਾਉ ਦੇ ਭਰਮ-ਭੁਲੇਖੇ** ਵਿਚ ਗਲਤਾਨ ਹੋ ਕੇ **ਮਾਇਆ ਦੀ ਗੁਝੀ ਅੱਗ** ਵਿਚ ਸੜ-ਬਲ ਰਹੇ ਹਾਂ :—

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ (ਪੰਨਾ-੧੫੬)

**ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥** (ਪੰਨਾ-੬੫੧)

ਮਾਇਆ ਅਗਨਿ ਜਲੈ ਸੰਸਾਰੇ ॥ (ਪੰਨਾ-੧੦੪੯)

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨਾ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥ (ਪੰਨਾ-੧੪੧੭)

**ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥** (ਪੰਨਾ-੬੪੩)

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲਲਾਇ ॥ (ਪੰਨਾ-੧੧੭੬)

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ. ਦੂਜੈ ਭਾਇ ਪਿਆਰੁ ॥ (ਪੰਨਾ-੩੯)



1 *Meet the Lord of the Universe - now is the time to meet Him.*
*After so very long, this human body was fashioned for you.* 176

2 *This human body is so difficult to obtain; it is only obtained by great good fortune.*
*Those who do not meditate on the Naam, the Name of the Lord, are murderers of the soul.*
*Those who forget the Lord might just as well die.*
*Without the Naam, of what use are their lives?* 188

3 *Those who do not remember the Name of the Lord, Har, Har, are most unfortunate, and are slaughtered.*
*They wander in reincarnation, again and again; they die, and are re-born, and continue coming and going.*
*Bound and gagged at Death's Door, they are cruelly beaten, and punished in the Court of the Lord.* 996

4 *O dear beloved mind, my friend, reflect upon the Name of the Lord of the Universe.*
*O dear beloved mind, my friend, the Lord is always be with you.* 79

5 *O my friend, reflect upon the Name of the Lord, Har, Har.*
*In the Saadh Sangat, He dwells within the mind, and one's works are brought to perfect fruition.* 52

In this way while reading, listening, discussing, intellectualising, preaching Gurbani we are indeed moving away from its 'innate truth'.

By being engrossed in the me-miness or in the doubt-fallacy of ego-ridden's second love, we are getting burnt-scorched in the hidden fire of materialism:-

6 *My soul is burning like fire, and the knife is cutting deep.* 156

7 *I have seen that the world is burning, in egotism and the love of duality.* 651

8 *The world is burning in the fire of Maya.* 1049

9 *Emotional attachment to Maya is a treacherous ocean of pain and poison, which cannot be crossed.*
*Screaming, "Mine, mine!", they rot and die; they pass their lives in egotism.* 1417

10 *In the flames of egotism, he is burnt to death; he wanders in doubt and the love of duality.* 643

11 *This mind is entangled in worldly affairs, creating more and more karma.*
*Enchanted by Maya, it cries out in suffering forever.* 1176

12 *"I have done this, and I will do that"-I am an idiotic fool for saying this!*
*I have forgotten the Doer of all; I am caught in the love of duality.* 39

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥ (ਪੰਨਾ-੭੦੨)

ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥
ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥
ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥ (ਪੰਨਾ-੧੨੬੧)

ਇਸ ਕਾਇਨਾਤ ਦੇ ਦੋ ਮੰਡਲ ਹਨ—

1. **ਆਤਮਿਕ-ਮੰਡਲ**—ਜਿਸ ਵਿਚ ਅਕਾਲ ਪੁਰਖ ਆਪ ਵਸਦਾ ਹੈ, ਅਤੇ ਆਪਣੇ ਸੰਤਾਂ-ਭਗਤਾਂ ਤੇ ਪਿਆਰਿਆਂ ਨਾਲ ਖੇਲ-ਖਿਲਾਉਂਦਾ, ਲਾਡ-ਲਡਾਉਂਦਾ, ਚੋਜ-ਵਿਡਾਨੀ ਕਰਦਾ ਹੈ—

ਸਚ ਖੰਡਿ ਵਸੈ ਨਿਰੰਕਾਰੁ ॥ (ਪੰਨਾ-੮)

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (ਪੰਨਾ-੩੪੫)

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥ (ਪੰਨਾ-੭੩੯)

2. **ਮਾਇਕੀ-ਮੰਡਲ**—ਇਸ ਮੰਡਲ ਦੀ ਆਪਣੀ ਕੋਈ **ਹਸਤੀ ਨਹੀਂ** ! ਇਹ **ਇਲਾਹੀ ਪ੍ਰਕਾਸ਼ ਦੀ ਅਣਹੋਂਦ** ਤੋਂ ਉਪਜਿਆ ਹੈ !

ਜਿਸ ਹਿਰਦੇ ਵਿਚ **ਇਲਾਹੀ ਪ੍ਰਕਾਸ਼** ਹੋ ਜਾਂਦਾ ਹੈ, ਉਥੇ ਇਹ—

ਹਨੇਰਾ
ਭਰਮ-ਭੁਲਾਵਾ
ਮਾਇਆ ਦਾ ਪਰਛਾਵਾਂ
**ਮੈਂ-ਮੇਰੀ**
ਦੂਜਾ-ਭਾਉ
ਦੂਜਾ ਦੋਇ

ਆਦਿ ਦਾ ਅਹਿਸਾਸ ਨਹੀਂ ਰਹਿੰਦਾ, ਉਡ-ਪੁਡ ਜਾਂਦਾ ਹੈ, ਛਾਂਈ-ਮਾਂਈ ਹੋ ਜਾਂਦਾ ਹੈ !

ਫੂਟੋ ਆਂਡਾ ਭਰਮ ਕਾ **ਮਨਹਿ ਭਇਓ ਪਰਗਾਸੁ** ॥
ਕਾਟੀ ਬੇਰੀ ਪਗਹਿ ਤੇ ਗੁਰਿ ਕੀਨੀ ਬੰਦਿ ਖਲਾਸੁ ॥ (ਪੰਨਾ-੧੦੦੨)
ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥
ਜਉ ਕਿਰਪਾ ਗੋਬਿੰਦ ਭਈ ॥ (ਪੰਨਾ-੪੦੨)



1 *My mind is deluded, entangled in Maya.*
*Whatever I do, while engaged in greed, only serves to bind me down.* 702

2 *Performing all sorts of rituals, they do not find the True Guru.*
*Without the Guru, so many wander lost and confused in Maya.*
*Egotism, possessiveness and attachment rise up and increase within them.*
*In the love of dualty, the self-willed manmukhs suffer in pain.* 1261

This creation has two realms –

1 **Spiritual Realm** – in which the Timeless Being Himself resides and engages in game-play, caresses-cuddles, (and conducts) wondrous-play with saints-devotees and beloved ones.

3 *In the realm of Truth, the Formless Lord abides.* 8

4 *Baygumpura, 'the city without sorrow', is the name of the town.*
*There is no suffering or anxiety there.* 345

5 *His Mansions are so comfortable, and His gates are so lofty.*
*Within them, His beloved devotees dwell.* 73

2 **Materialistic Realm** – this realm has no form of its own! It has arisen from the absence of spiritual illumination!

The heart in which spiritual illumination arises, there the feeling of –

darkness
doubt-fallacy
the shadow of materialism
me-minenes
second-love
duality

etc. does not remain, it disappears, it vanishes.

6 *The egg of doubt has burst; my mind has been enlightened.*
*The Guru has shattered the shackles on my feet, and has set me free.* 1002

7 *That which was upside-down has been set upright; the deadly enemies and adversaries have become friends.*
*In the darkness, the jewel shines forth, and the impure understanding has become pure.*
*When the Lord of the Universe became merciful.* 402

ਅਕਾਲ-ਪੁਰਖ ਨੇ ਆਪਣੀ ਮੌਜ ਵਿਚ ਇਹ **ਮਾਇਕੀ** ਵਡ-ਖੇਲ-ਤਮਾਸ਼ਾ ਰਚਿਆ ਤੇ ਇਸਨੂੰ ਚਲਾਉਣ ਲਈ ਆਪਣਾ 'ਹੁਕਮ' ਰੂਪੀ ਕਾਨੂੰਨ ਜਾਰੀ ਕਰ ਦਿਤਾ—

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-੪੬੩)

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥ (ਪੰਨਾ-੨੭੫)

ਅਸੀਂ ਦੁਨਿਆਵੀ ਕੰਮ-ਕਾਜ ਚਲਾਉਣ ਲਈ ਨੌਕਰ ਜਾਂ ਏਜੰਟ (**agent**) ਰੱਖਦੇ ਹਾਂ । ਇਹ ਨੌਕਰ ਸਾਡੇ ਪ੍ਰਾਇਣ (**dedicated**) ਹੁੰਦੇ ਹਨ ਤੇ ਸਾਡੇ ਹੁਕਮ ਦੀ ਕਾਰ ਕਮਾਉਂਦੇ ਹਨ । ਦੂਜੇ ਲਫਜ਼ਾਂ ਵਿਚ ਇਹ ਏਜੰਟ ਸਾਡੇ **ਬੇ-ਖਰੀਦ ਗੋਲੇ** ਹੁੰਦੇ ਹਨ ਤੇ ਸਾਡੀ ਆਗਿਆ ਵਿਚ (**in-tune**) ਹੋ ਕੇ ਸਾਡਾ ਕੰਮ-ਕਾਜ ਚਲਾਉਂਦੇ ਹਨ ।

ਇਸੇ ਤਰ੍ਹਾਂ ਅਕਾਲ-ਪੁਰਖ ਮਾਇਆ ਅਥਵਾ **'ਦੂਜੇ ਭਾਉ'** ਦੀ ਰਚਨਾ ਰਚ ਕੇ ਆਪਣਾ ਵਡ-ਖੇਲ-ਤਮਾਸ਼ਾ ਚਲਾ ਰਿਹਾ ਹੈ । ਇਹ ਇਲਾਹੀ 'ਏਜੰਟ' ਅਥਵਾ **'ਜੀਵ'** ਆਪਣੇ **ਇਲਾਹੀ ਮਾਲਕ** ਅਕਾਲ-ਪੁਰਖ ਦੇ **ਹੁਕਮ ਦੀ ਕਾਰ** ਕਰਕੇ, ਉਸਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ—

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (ਪੰਨਾ-੪੭੪)

ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ (ਪੰਨਾ-੩੪)

ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ (ਪੰਨਾ-੪੦)

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥
ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥ (ਪੰਨਾ-੫੮੬)

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ (ਪੰਨਾ-੯੯੧)

ਪਰ ਅਸੀਂ ਆਪਣੇ ਮਾਲਕ ਅਕਾਲ-ਪੁਰਖ ਨੂੰ ਭੁਲਾ ਕੇ, 'ਆਪ-ਹੁਦਰੇ' (**out of tune**) ਹੋ ਕੇ **'ਦੂਜੇ ਭਾਉ'** ਵਿਚ ਗਲਤਾਨ ਹੋ ਜਾਂਦੇ ਹਾਂ ਤੇ ਮਾਇਆ ਦੇ ਭਰਮ-ਭੁਲਾਵੇ ਵਿਚ ਭਟਕਦੇ ਫਿਰਦੇ ਹਾਂ—

ਹਰਿ ਬਿਸਰਤ ਸਦਾ ਖੁਆਰੀ ॥ (ਪੰਨਾ-੭੧੧)

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥ (ਪੰਨਾ-੧੨੮੭)



The Timeless Being, in His joyous state created a huge spectacle of materialistic play and to operate it He put into motion His 'Hukam' or Command form of law –

1 *He Himself created Himself; He Himself assumed His Name.*
*Secondly, He fashioned the creation; seated within the creation, He beholds it with delight.* 463

2 *O Nanak, God created the creation, with its many ways and various species.* 275

To run a worldly business we employ servants or agents. These people are dedicated to us and they do as they are told. In other words these agents are our purchased-slaves and being-tune with our command they run our business.

In the same way, the Timeless Being, having created the creation of materialism or 'second-love', is running His huge spectacle of display. This divine 'agent' namely 'man' by obeying the command of his divine master, the Timeless Being, can secure His goodwill or wellbeingness –

3 *By eliminating his self-conceit and then performing service, man shall be honored.*474

4 *I will accept the Will of the True Guru, and eradicate selfishness from within.*
*By this work and service, the Naam shall come to dwell within my mind.* 34

5 *The Boat of the True Guru is the Name of the Lord. How can we climb on board?*
*One who walks in harmony with the True Guru's Will comes to sit in this Boat.* 40

6 *The Gurmukh reflects upon the Lord in his mind; whatever pleases the Lord - that alone comes to pass.*
*O Nanak, He Himself preserves one's honor; He alone resolves our affairs.* 586

7 *I am Your slave, Your bonded servant, and so I am called fortunate.*
*I sold myself at Your store in exchange for the Guru's Word; whatever You link me to, to that I am linked.* 991

But we, by forgetting our master, The Timeless Being, get out of tune (or self-willed) and (in so doing) get engrossed in the 'second love' which then causes aimless wandering in the doubt-fallacy of materialism.

8 *Forgetting the Lord, one is ruined forever.* 711

9 *Tell me, who has ever found peace by following his own will? The blind act in blindness.* 1287

**ਇਕਿ ਹੁਕਮੁ ਮੰਨਿ ਨ ਜਾਣਨੀ ਭਾਈ**
**ਦੂਜੈ ਭਾਇ ਫਿਰਾਇ ॥** (ਪੰਨਾ-੧੪੧੯)

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ (ਪੰਨਾ-੪੦੦)

ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥ (ਪੰਨਾ-੪੨੩)

ਸੋ ਗੁਰਬਾਣੀ ਅਨੁਸਾਰ ਅਕਾਲ-ਪੁਰਖ ਨੂੰ—

ਭੁੱਲਣਾ
ਬੇਮੁਖ ਹੋਣਾ
ਆਪਣੇ ਭਾਣੇ ਵਿਚ ਚੱਲਣਾ
ਮਾਇਆ ਵਿਚ ਗਲਤਾਨ ਹੋਣਾ
ਮੈਂ-ਮੇਰੀ ਵਿਚ ਭਟਕਣਾ
ਅਕਾਲ-ਪੁਰਖ ਦੀ ਹੋਂਦ ਤੋਂ ਮੁਨਕਰ ਹੋਣਾ

ਹੀ—

**'ਦੂਜਾ-ਭਾਉ'**

ਅਥਵਾ 'ਦੂਜਾ-ਦੋਇ' **ਕਹਾਉਂਦਾ** ਹੈ ।

ਪਰ ਸਾਨੂੰ ਗੁਰਬਾਣੀ ਦੀ ਸੱਚਾਈ ਦੀ—

ਸੋਝੀ ਹੀ ਨਹੀਂ
ਗਿਆਨ ਹੀ ਨਹੀਂ
ਨਿਸਚਾ ਹੀ ਨਹੀਂ
**ਸ਼ਰਧਾ** ਹੀ ਨਹੀਂ ।

ਇਸੇ ਲਈ ਅਸੀਂ ਗੁਰਬਾਣੀ ਨੂੰ ਸਾਰੀ ਉਮਰ—

ਪੜ੍ਹਦਿਆਂ-ਪੜ੍ਹਾਉਂਦਿਆਂ
ਗਿਆਨ-ਘੋਟਦਿਆਂ
ਵਾਦ-ਵਿਵਾਦ ਕਰਦਿਆਂ
ਕਿਤਾਬਾਂ ਜਾਂ ਲੇਖ ਲਿਖਦਿਆਂ

ਵੀ **'ਦੂਜੇ-ਭਾਉ'** ਦੀ ਝੂਠੀ ਦੁਨੀਆਂ ਵਿਚ ਵਿਚਰਦਿਆਂ—ਇਸਦੀ **ਗੁੱਝੀ ਅੱਗ** ਨਾਲ ਅੰਤ੍ਰ-ਗਤ ਸੜ-ਬਲ ਰਹੇ ਹਾਂ—

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥
**ਇਹੁ ਮਨੁ ਜਲਿਆ ਦੂਜੈ ਦੋਇ ॥** (ਪੰਨਾ-੧੧੭੬)



1 *Some do not know how to submit to the Hukam of His Command, O Siblings of Destiny; they wander around lost in the love of duality.* *1419*

2 *As long as he does not understand the Command of God's Will, he remains miserable.* *400*

3 *The wretched one does not understand His Command, and is reincarnated into heaven and hell.* *423*

So according to Gurbani –

forgetting
turning away
become self-willed
become engrossed in materialism
suffer in me-mineness
denying the existence of The Timeless Being

is indeed termed as - 'SECOND-LOVE'

or 'DUALITY'.

But pertaining to the truth of Gurbani we have -

no awareness
no knowledge
no belief
no faith.

For this reason despite –

studying-teaching
pounding knowledge
debating
writing books or articles

on Gurbani for our whole life we are still passing through the false world of 'second-love', burning and simmering in its hidden fire.

4 *This mind is not even touched by spring.*
*This mind is burnt by duality and double-mindedness.* *1176*

ਸੱਚ ਤਾਂ ਇਹ ਹੈ ਕਿ **ਦੂਜਾ-ਭਾਉ** ਸਾਡੇ—

ਮਨ
ਤਨ
**ਖਿਆਲਾਂ**
**ਵਰਤਾਵੇ**
**ਜੀਵਨ**

ਵਿਚ ਇਤਨਾ—

**ਧਸ**
**ਵਸ**
ਰਸ
**ਸਮਾ**

ਚੁੱਕਿਆ ਹੈ ਕਿ ਆਪਣੀ ਰਚੀ ਹੋਈ **'ਦੂਜੇ ਭਾਇ' ਦੀ ਦੁਨੀਆਂ** ਅਥਵਾ **ਮੈਂ-ਮੇਰੀ ਦੀ ਝੂਠੀ ਹੋਂਦ** ਜਾਂ ਦਾਇਰੇ ਤੋਂ ਬਾਹਰ ਕਿਸੇ ਹੋਰ—

ਉਚੇ-ਸੁਚੇ
ਦੈਵੀ
ਸੁਹਣੇ
ਸੁਖਦਾਈ
ਪਿਆਰ ਤੇ ਸ਼ਰਧਾ-ਭਾਵਨੀ ਵਾਲੇ

ਜੀਵਨ ਦੀ ਬਾਬਤ ਸਾਨੂੰ—

ਸੋਝੀ ਹੀ ਨਹੀਂ
ਗਿਆਨ ਹੀ ਨਹੀਂ
ਲੋੜ ਹੀ ਨਹੀਂ ਭਾਸਦੀ !

'ਇਹੁ ਮਨ ਜਲਿਆ ਦੂਜੈ ਦੋਇ' ਦੀ ਪੰਗਤੀ ਵਿਚ **'ਇਹੁ ਮਨ'** ਦੁਆਰਾ **ਸਰਬੱਗ ਮਨ** ਨੂੰ ਸੰਬੋਧਨ ਕੀਤਾ ਗਿਆ ਹੈ, ਜਿਸ ਵਿਚ **ਸਾਡਾ ਮਨ ਵੀ ਸ਼ਾਮਿਲ ਹੈ ।** ਪਰ ਅਸੀਂ ਇਹ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਕਿ **ਸਾਡਾ ਮਨ** ਵੀ 'ਦੂਜੇ ਦੋਇ' ਵਿਚ **ਜਲ ਰਿਹਾ ਹੈ ।** ਅਸੀਂ ਇਹ ਸਮਝੀ ਬੈਠੇ ਹਾਂ ਕਿ ਸਾਡਾ ਮਨ **ਇਸ ਸਰਬੱਗ ਮਨ ਤੋਂ ਪਰ੍ਹੇ ਹੈ (exempted)** ਅਤੇ ਇਹ ਪੰਗਤੀ **ਸਾਡੇ ਉਤੇ ਲਾਗੂ ਨਹੀਂ ਹੁੰਦੀ ।**



The truth is this that in our –

mind
body
thoughts
dealings
life

second-love or duality has

penetrated
permeated
diffused
infused

to such an extent, that apart from the world of 'second-love' or the false existence of me-mineness or its area of influence in which we are soaked, we–

have no awareness
have no knowledge
do not see the need

for some

high-lofty
virtuous
beautiful
peace giving
love filled faith

life.

In the line *'This mind is burnt by duality and double-mindedness'*, through the words 'this mind' the omniscient mind has been addressed, and our mind too is included in this. But we are not ready to accept the fact that our mind too is being burnt in 'duality'. We believe that our mind is exempted from this omniscient mind and that this line does not refer to us.

**ਅਸਲ ਵਿਚ ਸਾਡਾ ਮਨ ਵੀ 'ਦੂਜੇ ਭਾਉ' ਵਿਚ ਦਿਨ-ਰਾਤ—**

**ਚਿੰਤਾ**
**ਫਿਕਰ**
**ਈਰਖਾ**
**ਦਵੈਤ**
**ਸਾੜਾ**
ਨਫਰਤ

ਆਦਿ ਨਾਲ ਸੜਦਾ-ਬਲਦਾ ਰਹਿੰਦਾ ਹੈ। ਪਰ ਅਸੀਂ ਇਤਨੇ **ਢੀਠ** ਅਥਵਾ **ਮਟਰੋੜ** ਹੋ ਚੁਕੇ ਹਾਂ ਕਿ ਇਸ ਮਾਨਸਿਕ ਅਗਨੀ ਵਿਚ ਸੜਦੇ-ਬਲਦੇ ਹੋਏ, 'ਹੈ-ਬੂ' ਕਰਦੇ ਵੀ ਇਸ ਤੋਂ ਬੇ-ਪ੍ਰਵਾਹ, ਅਵੇਸਲੇ ਹੋ ਕੇ ਦੁਖੀ ਜੀਵਨ ਬਿਤਾ ਰਹੇ ਹਾਂ ਅਤੇ ਆਪਣੇ **'ਆਪੇ'** ਨਾਲ ਧੋਖਾ ਕਰਦੇ ਹਾਂ—

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥
**ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥** (ਪੰਨਾ-੮੪)

**ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥**
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (ਪੰਨਾ-੫੯੩)

ਦੂਜੈ ਭਾਇ ਪਰਪੰਚਿ ਲਾਗੇ ॥
ਆਵਹਿ ਜਾਵਹਿ ਮਰਹਿ ਅਭਾਗੇ ॥ (ਪੰਨਾ-੮੪੨)

ਦੂਜੈ ਭਾਇ **ਸਦਾ ਦੁਖੁ ਪਾਏ** ਤ੍ਰੈ ਗੁਣ ਭਰਮਿ ਭੁਲਾਇਦਾ ॥ (ਪੰਨਾ-੧੦੬੬)

ਇਸ ਪੰਗਤੀ ਵਿਚ ਦੂਜਾ ਨੁਕਤਾ ਹੈ—**'ਜਲਿਆ'**

ਸਾਡੇ **ਮਨ** ਨੂੰ ਜਲਾਉਣ ਵਾਲੀ ਅੱਗ ਗੁਝੀ ਹੈ ਜੋ ਦਿਸਦੀ ਨਹੀਂ।

ਗੋਹੇ ਅਥਵਾ ਪਾਥੀਆਂ ਦੀ ਅੱਗ ਵਾਂਗ, ਇਹ ਗੁਝੀ ਮਾਨਸਿਕ ਅੱਗ ਸਾਡੇ ਮਨ ਦੇ ਅੰਦਰੋ-ਅੰਦਰੀ **ਲਗਾਤਾਰ ਧੁਖਦੀ ਰਹਿੰਦੀ ਹੈ** ਅਤੇ ਸਾਡੇ ਮਨ ਨੂੰ ਸਾੜਦੀ ਰਹਿੰਦੀ ਹੈ,

**ਗੁਝੀ ਭਾਹਿ ਜਲੈ ਸੰਸਾਰਾ......॥** (ਪੰਨਾ-੬੭੩)

ਭਾਵੇਂ ਅਸੀਂ ਇਸ ਗੁਝੀ **ਮਾਨਸਿਕ ਅੱਗ** ਨਾਲ ਸਦਾ ਦਿਨ-ਰਾਤ ਧੁੱਖਦੇ ਰਹਿੰਦੇ ਹਾਂ, ਪਰ ਫਿਰ ਵੀ ਇਸਨੂੰ—

**ਬਿਆਨ ਨਹੀਂ ਕੀਤਾ ਜਾ ਸਕਦਾ**
**ਸ਼ਿਕਾਇਤ ਨਹੀਂ ਕੀਤੀ ਜਾ ਸਕਦੀ**



The fact is that our mind too day and night keeps burning and simmering with

anxiety
worry
jealousy
duality
envy
hatred

etc. in 'second-love'. But we have become so stubborn or obstinate that even as we burn and simmer in this mental fire and wail away yet we remain careless, negligent and continue to lead a life of suffering. We are cheating our 'own selves'.

1 *Practicing egotism, selfishness and conceit, she wanders around the world, but her wealth and property will not go with her.*
*The spiritually blind do not even think of the Naam; they are all bound and gagged by the Messenger of Death.* 84

2 *The world is blind and ignorant; in the love of duality, it engages in actions.*
*But those actions which are performed in the love of duality, cause only pain to the body.* 593

3 *In the love of duality, they are attached to the illusory material world.*
*The unfortunate ones die, and continue to come and go.* 842

4 *In the love of duality, he suffers in pain forever; he is deluded by doubt, and confused by the three gunas.* 1066

The second point in this line is – **'burnt'**

The fire that burns our mind is hidden, it cannot be seen.

Like the fire in a cow-dung heap, this hidden mental fire keeps simmering continuously within the mind and it keeps burning the mind.

5 *The world is being consumed by this hidden fire..........* 673

Although we keep simmering in this mental fire all the time, day and night, yet -

it cannot be described
a complaint cannot be lodged

ਪ੍ਰਗਟ ਨਹੀਂ ਕੀਤਾ ਜਾ ਸਕਦਾ

ਇਲਾਜ ਵੀ ਨਹੀਂ ਹੋ ਸਕਦਾ !

ਇਸ ਅਗਨੀ ਦਾ ਅੰਤ ਵੀ ਨਹੀਂ, ਕਿਉਂਕਿ ਇਹ **ਮਾਨਸਿਕ ਅੱਗ** ਅਸੀਂ ਪਿਛਲੇ ਜਨਮਾਂ ਤੋਂ ਅੰਤਿਸ਼ਕਰਨ ਵਿਚ ਨਾਲ ਲੈ ਕੇ ਆਏ ਹਾਂ।

ਅਗਿਆਨਤਾ ਦੀ ਵਜ੍ਹਾ ਨਾਲ ਪਿਛਲੀ ਅੱਗ ਤਾਂ ਕੀ ਬੁਝਾਉਣੀ ਸੀ, ਆਪਣੇ '**ਦੂਜੇ ਭਾਉ**' ਵਾਲੇ ਕਰਮਾਂ ਕਰਕੇ ਅਸੀਂ ਇਸਨੂੰ ਹੋਰ ਵੀ ਵਧਾ ਰਹੇ ਹਾਂ, ਜਿਵੇਂ ਜ਼ਨਾਨੀਆਂ ਹਾਰੇ ਵਿਚ ਥਾਥੀਆਂ ਲਾ ਕੇ ਅੱਗ ਨੂੰ ਕਾਇਮ ਰੱਖਦੀਆਂ ਹਨ।

ਇਸ ਗੁੱਝੀ ਅੱਗ ਨੂੰ ਸਾਰੇ ਹੀ **ਚੁਆਤੀ ਲਾਉਣ ਵਾਲੇ ਹਨ, ਬੁਝਾਉਣ ਵਾਲਾ ਕੋਈ ਨਹੀਂ।** ਕਿਉਂਕਿ ਸਾਰੇ ਹੀ ਇਸ ਅੱਗ ਵਿਚ ਸੜ-ਬਲ ਰਹੇ ਹਨ, ਬੁਝਾਵੇ ਕੌਣ ?

ਇਸ ਤਰ੍ਹਾਂ ਇਹ ਗੁਝੀ **'ਦੂਜੇ ਭਾਇ' ਵਾਲੀ ਅਗਨੀ** ਹਰ ਇਕ ਜੀਵ ਦਾ **ਜੀਵਨ-ਰੂਪ** ਹੀ ਬਣ ਚੁਕੀ ਹੈ। ਇਸਦਾ ਪ੍ਰਤੱਖ ਨਮੂਨਾ ਸਾਡੇ—

ਘਰਾਂ

ਪਰਿਵਾਰਾਂ

ਸ਼ਹਿਰਾਂ

ਸੂਬਿਆਂ

ਤੇ ਦੇਸ਼ਾਂ

ਵਿਚ ਹੋਣ ਵਾਲੇ—

ਭਾਈਚਾਰਕ

ਸਮਾਜਿਕ

ਧਾਰਮਿਕ

ਤੇ ਰਾਜਨੀਤਿਕ

**ਝਗੜੇ ਹਨ।**

'ਦੂਜੇ ਭਾਉ' ਦੀ ਇਹ ਗੁਝੀ ਅੱਗ ਦੁਨੀਆਦਾਰਾਂ ਨੂੰ ਤਾਂ '**ਭੂਤਾਂ**' ਵਾਂਗ ਚਿਮੜੀ ਹੋਈ ਹੈ, ਪਰ ਸਾਡੇ ਧਰਮ ਵੀ ਇਸ ਤੋਂ ਬਚ ਨਹੀਂ ਸਕੇ। ਧਰਮਾਂ ਨੂੰ ਵੀ ਅਸੀਂ ਇਸਦੀ **ਚੁਆਤੀ** ਲਾ ਦਿਤੀ **ਹੈ**। ਧਾਰਮਿਕ ਆਗੂਆਂ ਦਾ ਆਪਸ ਵਿਚ ਵੈਰ-ਵਿਰੋਧ, ਈਰਖਾ-ਦਵੈਤ ਇਸੇ ਗੁਝੀ ਮਾਨਸਿਕ ਅੱਗ ਦਾ ਹੀ **ਪ੍ਰਗਟਾਵਾ ਹੈ।**

ਗੁਰਬਾਣੀ ਵਿਚ 'ਦੂਜੇ ਭਾਉ' ਦੀ ਇਸ ਗੁਝੀ ਅੱਗ ਨੂੰ ਬੁਝਾਉਣ ਦਾ ਕਾਰਗਰ



it cannot be manifested

it cannot be treated!

This fire has no limit, because we have brought along this mental fire from previous births via our subconsciousness.

Out of ignorance, instead of dousing or putting off the previous fire, we are making it even stronger by doing deeds linked to second love' like the ladies (in India) who place (dried) cow-dung in around earthen bin to keep the fire alive.

Everyone is ready to ignite this hidden fire. There is no one to put it off because all are burning and simmering in this fire. Who is going to put it off?

In this way, this hidden fire of 'second-love has become an embodiment of life of each and every person. Its most evident example lies in our –

households

families

cities

states

and countries

ready to happen -

societal

social

religious

political

**QUARRELS OR FIGHTS**.

This hidden fire of 'second-love' does cling of worldly people like a 'ghosts', but our religions too have not been spared by it. We have lit its spark to religions as well. The enmity-opposition, jealousy-duality amongst religious leaders is the manifestation of this very mental fire.

In Gurbani the most effective prescription to douse or put off this hidden fire of 'second-love is

ਨੁਸਖਾ ਅਥਵਾ ਇਲਾਜ ਇਉਂ ਦਸਿਆ ਗਿਆ ਹੈ—

ਇਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-੫੭੧)

ਮਨ ਮੇਰੇ ਗਹੁ ਹਰਿ **ਨਾਮ ਕਾ ਓਲਾ** ॥
**ਤੁਝੈ ਨ ਲਾਗੈ ਤਾਤਾ ਝੋਲਾ** ॥ (ਪੰਨਾ-੧੭੯)

ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥ (ਪੰਨਾ-੨੧੦)

ਦੂਜੇ ਲਫਜ਼ਾਂ ਵਿਚ ਅਕਾਲ-ਪੁਰਖ ਦੀ '**ਭੁਲ**' ਵਿਚੋਂ ਨਿਕਲ ਕੇ '**ਯਾਦ**' ਵਿਚ ਅਥਵਾ, **ਸ਼ਰਣ ਵਿਚ ਆਉਣਾ** ਹੈ, ਕਿਉਂਕਿ—

ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ॥ (ਪੰਨਾ-੮੧੩)

ਤੂੰ ਵਿਸਰਹਿ ਤਾਂ **ਸਭੁ ਕੋ ਲਾਗੂ** ਚੀਤਿ ਆਵਹਿ ਤਾਂ ਸੇਵਾ ॥ (ਪੰਨਾ-੩੮੩)

ਚਿਤਿ ਆਵੈ ਓਸੁ ਪਾਰਬ੍ਰਹਮੁ **ਤਨੁ ਮਨੁ ਸੀਤਲੁ ਹੋਇ** ॥ (ਪੰਨਾ-੭੦)

**ਕਲਿ ਤਾਤੀ ਠਾਂਢਾ ਹਰਿ ਨਾਉ** ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥ (ਪੰਨਾ-੨੮੮)

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ **ਜਪਿ ਹਰਿ ਭਵਜਲੁ ਤਰਨਾ** ॥
(ਪੰਨਾ-੬੭੦)

'**ਦੂਜੇ ਭਾਉ**' ਦੀ ਇਹ ਗੁਝੀ ਅੱਗ ਭਾਵੇਂ ਦਿਸਦੀ ਨਹੀਂ, ਪਰ ਇਸਦੇ ਮਾਰੂ ਸੇਕ ਤੋਂ ਅਸੀਂ ਬਚ ਨਹੀਂ ਸਕਦੇ।

ਇਹ ਅੱਗ ਸਾਡੇ ਜੀਵਨ ਦੇ ਹਰ ਪੱਖ ਵਿਚ ਕਈ ਕਿਸਮ ਦੀ ਮਾਇਕੀ ਰੰਗਤ, ਭਾਹ ਅਥਵਾ **ਔਗੁਣਾਂ** ਦੁਆਰਾ ਅਵੱਸ਼ ਜ਼ਾਹਰ ਹੁੰਦੀ ਰਹਿੰਦੀ ਹੈ, ਜਿਵੇਂ ਕਿ—

**ਕਾਮ**
**ਕ੍ਰੋਧ**
**ਲੋਭ**
**ਮੋਹ**
**ਹੰਕਾਰ**
**ਈਰਖਾ-ਦਵੈਤ**
**ਵਾਦ-ਵਿਵਾਦ**
**ਲੜਾਈਆਂ-ਝਗੜੇ**
**ਜ਼ੁਲਮ**

**ਆਦਿ।**



stated as follows –

1 *Seeing that this world on fire, I have hurried to the Sanctuary of the Lord. 571*

2 *O my mind, hold tight to the Support of the Lord's Name.*
*The hot winds shall never even touch you. 179*

3 *In the Lord's Sanctuary there is soothing coolness, peace and tranquility. He has extinguished the burning fire. 210*

In other words (we have to) come out of the (state of) 'forgetfulness' of the Timeless Being and come into the (state of) 'remembrance' or take refuge in HIM because –

4 *Pain comes, when one forgets Him. Peace comes when one remembers God. 813*

5 *If I forget You, then everyone becomes my enemy. When You come to mind, then they serve me. 383*

6 *If you come to remember the Supreme Lord God, then your body and mind shall be cooled and soothed. 70*

7 *The Dark Age of Kali Yuga is so hot; the Lord's Name is soothing and cool.*
*Remember, remember it in meditation, and obtain everlasting peace. 288*

8 *The Guru has blessed servant Nanak with this understanding, that by meditating on the Lord, we cross over the terrifying world-ocean. 288*

Although we cannot see the hidden fire of 'second-love', (still) we are unable to save ourselves from its murderous heat.

This fire keeps manifesting itself in every aspect of our life through many forms of worldly colouring or demerits as is the case in –

lust
anger
greed
attachment
egotism
jealousy-duality
disagreement-debates
fights-quarrel
tyranny

etc.

ਇਹ ਸਾਰੇ ਮਾਨਸਿਕ ਔਗੁਣ –

ਮੈਂ-ਮੇਰੀ

ਹਉਮੈ

ਦੂਜਾ-ਭਾਉ

ਦੂਜਾ-ਦੌਇ

ਅਰਥਾਤ—**'ਰੱਬ ਦੀ ਭੁੱਲ'** ਵਿਚੋਂ ਉਪਜਦੇ ਹਨ। ਅਸੀਂ **ਸਾਰੇ ਜੀਵ** ਇਸ 'ਦੂਜੇ-ਭਾਉ' ਵਿਚ ਗਲਤਾਨ ਹਾਂ ਤੇ ਇਸੇ ਵਿਚ ਹੀ ਪਲਚ-ਪਲਚ ਕੇ ਖੁਆਰ ਹੋ ਰਹੇ ਹਾਂ—

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰੁ ਕਲਤ੍ਰੁ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

ਚਲਦਾ—



All these mental demerits –

me-miness
egotism
second-love
duality

arise from the (state of ) – 'forgetfulness of God'. All the living beings like us are entrapped in this 'second-love', and enmeshed and entrapped in it we are perishing away –

*She has forgotten the Lord, her Life-companion, her Master; she has become attached to Maya, the deceitful one.*
*Neither son, nor spouse, nor wealth shall go along with you-only the Eternal Lord.*
*Entangled and enmeshed in the love of false occupations, the whole world is perishing.*
*133*

continued/......

L127.12